7

## ਨਜ਼ਰਬੰਦੀ

### *ਕਿੰਨੇ ਕੈਦੀ ਹਨ ?*

1993 ਵਿਚ ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਅਤੇ ਤਿੰਨ ਪੰਜਾਬ ਦੇ ਸਾਬਕਾ ਅਟਾਰਨੀ ਜਨਰਲਾਂ ਦੀ ਇਕ ਟੀਮ ਨੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀਆਂ ਨਜ਼ਰਬੰਦੀਆਂ ਦਾ ਇਕ ਧਿਆਨਪੂਰਵਕ ਅਧਿਐਨ ਕਰਨ ਤੋਂ ਬਾਅਦ ਇਹ ਸਿੱਟਾ ਕੱਢਿਆ ਕਿ ਉਸ ਸਮੇਂ ਪੰਜਾਬ ਅਤੇ ਭਾਰਤ ਦੇ ਹੋਰਨਾਂ ਰਾਜਾਂ ਵਿਚ ਲਗਭਗ 70,000 ਸਿੱਖ ਨਜ਼ਰਬੰਦੀ ਵਿਚ ਰੱਖੇ ਹੋਏ ਸਨ।

1993 ਵਿਚ ਕੇਂਦਰੀ ਗ੍ਰਿਹ ਮੰਤ੍ਰਾਲੇ ਨੇ ਦੱਸਿਆ ਕਿ ਪੰਜਾਬ ਵਿਚ 14,457 ਟਾਡਾ ਕੈਦੀ ਹਨ। ਇਹ 10 ਮਾਰਚ, 1992 ਨੂੰ ਸੰਸਦ ਵਿਚ ਇਕ ਨਿਸ਼ਾਨ ਵਾਲੇ ਪ੍ਰਸ਼ਨ ਦੇ ਉੱਤਰ ਵਿਚ ਦੱਸਿਆ ਗਿਆ। ਪੰਜਾਬ ਦੇ ਅੰਕੜੇ ਤੋਂ ਇਲਾਵਾ ਇਹ ਦੱਸਿਆ ਗਿਆ ਕਿ ਦੂਜੇ ਰਾਜਾਂ ਵਿਚ ਟਾਡਾ ਕੈਦੀ ਰੱਖਣ ਤੋਂ ਇਲਾਵਾ ਗੁਜਰਾਤ ਵਿਚ 14,094 ਕੈਦੀ ਰੱਖੇ ਗਏ ਹਨ।

(ਗੁਜਰਾਤ ਮੁਕਾਬਲਤਨ ਇਕ ਸ਼ਾਂਤ ਸੂਬਾ ਹੈ ਅਤੇ ਉਥੇ ਨਜ਼ਰਬੰਦ ਕੀਤੇ ਲੋਕ ਲੇਬਰ ਯੂਨੀਅਨ ਨੇਤਾ, ਸਮਗਲਰ ਅਤੇ ਵਿਦਿਆਰਥੀ ਸਨ। ਫਿਰ ਵੀ, ਇਹ ਨਹੀਂ ਦੱਸਿਆ ਗਿਆ ਕਿ ਪੰਜਾਬ ਤੋਂ ਕਿੰਨੇ ਸਿੱਖਾਂ ਨੂੰ ਗੁਜਰਾਤ ਰਾਜ ਵਿਚ ਉਨ੍ਹਾਂ ਵਿਰੁੱਧ ਕੇਸ ਦਰਜ ਕਰਕੇ ਨਜ਼ਰਬੰਦ ਕੀਤਾ ਗਿਆ ਸੀ। ਇਹ ਪਤਾ ਹੀ ਸੀ ਕਿ ਪੰਜਾਬ ਵਿਚ ਸਿੱਖਾਂ ਵਿਰੁੱਧ ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਹਰਿਆਣਾ, ਦਿੱਲੀ ਵਗੈਰਾ ਰਾਜਾਂ ਵਿਚ ਕੇਸ ਦਰਜ ਕੀਤੇ ਗਏ ਹਨ। ਬਾਅਦ ਵਿਚ, ਯੂ.ਪੀ. ਨੇ ਮੰਨਿਆਂ ਕਿ ਉਥੇ ਲਗਭਗ 5,000 ਅਜਿਹੇ ਕੈਦੀ ਮੌਜੂਦ ਹਨ।)

ਟਾਡਾ ਅਧੀਨ ਕੈਦੀਆਂ ਦਾ ਸਰਬ-ਭਾਰਤੀ ਅੰਕੜਾ 52,268 ਕੈਦੀ ਸੀ।

ਐਪਰ, 1985 ਅਤੇ 1993 ਵਿਚਕਾਰ ਕਿਸੇ ਵੀ ਰਾਜ ਨੇ ਟਾਡਾ ਕੈਦੀਆਂ ਦੇ ਨਾਂਵਾਂ ਜਾਂ ਅਸਲ ਗਿਣਤੀ ਬਾਰੇ ਸੰਸਦ ਨੂੰ ਕਦੀ ਸੂਚਨਾ ਨਹੀਂ ਦਿੱਤੀ। ਪਹਿਲੀ ਵਾਰ ਅੰਕੜੇ 1993 ਵਿਚ ਮਿਲੇ ਪਰੰਤੂ ਨਾਮ ਕਦੀ ਨਹੀਂ ਦਿੱਤੇ ਗਏ।

1994 ਵਿਚ ਜਗਮੀਤ ਸਿੰਘ ਬਰਾੜ, ਐਮ.ਪੀ. ਨੇ ਪੰਜਾਬ ਵਿਚ ਟਾਡਾ ਅਧੀਨ ਗਿਰਫਤਾਰ ਕੀਤੇ ਗਏ ਕੈਦੀਆਂ ਦੀ ਕੇਂਦਰੀ ਗ੍ਰਿਹ ਮੰਤ੍ਰਾਲੇ ਦੀ 14,873 ਗਿਣਤੀ ਦਾ ਹਵਾਲਾ ਦਿੱਤਾ। ਜੁਲਾਈ, 1994 ਵਿਚ, ਰਾਜ ਦੀ ਅਸੈਂਬਲੀ ਵਿਚ ਮੁੱਖ ਮੰਤਰੀ ਨੇ ਬਰਾੜ ਦਾ ਇਹ ਕਹਿੰਦਿਆਂ ਖੰਡਨ ਕੀਤਾ ਕਿ "ਟਾਡਾ ਅਧੀਨ ਕੇਵਲ 3 ਤੋਂ 4 ਕੈਦੀ" ਸਨ (ਕੇ.ਪੀ.ਐਸ. ਗਿੱਲ ਦੁਆਰਾ ਠੀਕ ਕੀਤੇ ਗਏ : "ਨਹੀਂ, 800")। ਪਰੰਤੂ ਦਿਨਾਂ ਵਿਚ ਹੀ, ਅਗਸਤ 8 ਨੂੰ, ਸੰਖੇਪ ਵਿਚ ਰਹਿੰਦਿਆਂ, **ਟਾਈਮਜ਼ ਆਫ਼ ਇੰਡੀਆ** ਵਿਚ ਇਕ ਰਿਪੋਰਟ ਛਪੀ ਜਿਸ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਰੰਗਾਨਾਥਨ ਮਿਸ਼ਰਾ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਗਿਆ ਕਿ ਜੁਲਾਈ, 1998 ਤਕ ਤਿੰਨ ਰਾਜਾਂ ਵਿਚ ਟਾਡਾ ਕੈਦੀਆਂ ਦੀ ਗਿਣਤੀ 47,000 ਤਕ ਹੋ ਗਈ ਹੈ। ਉਸ ਨੇ ਦੱਸਿਆ ਕਿ 17,000 ਪੰਜਾਬ ਵਿਚ, 19,000 ਗੁਜਰਾਤ ਵਿਚ ਅਤੇ 10,000 ਕੈਦੀ ਜੰਮੂ ਕਸ਼ਮੀਰ ਵਿਚ ਹਨ।

ਅਪ੍ਰੈਲ, 1995 ਵਿਚ, ਕੌਮੀ ਮਨੁੱਖੀ ਅਧਿਕਾਰ ਸੰਸਥਾ ਨੇ ਪੰਜਾਬ ਦੀ ਮਨੁੱਖੀ ਅਧਿਕਾਰ ਸੰਸਥਾ ਨੂੰ ਟਾਡਾ ਕੈਦੀਆਂ ਸਬੰਧੀ ਸੂਚਨਾ ਦੀ ਇਕ ਕਾਪੀ ਭੇਜੀ ਜਿਹੜੀ ਇਸ ਨੂੰ ਪੰਜਾਬ ਸਰਕਾਰ ਨੇ ਭੇਜੀ ਸੀ। ਪੰਜਾਬ ਸਰਕਾਰ ਨੇ ਦਾਅਵੇ ਨਾਲ ਕਿਹਾ ਕਿ :

"1985 ਵਿਚ ਟਾਡਾ ਦੇ ਜਾਰੀ ਹੋਣ ਤੋਂ 31 ਜੁਲਾਈ, 1994 ਤਕ ਟਾਡਾ ਅਧੀਨ 17,529 ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚ 15,289 ਵਿਅਕਤੀ ਗਿਰਫਤਾਰ ਕੀਤੇ ਗਏ ਸਨ ਅਤੇ 4,402 ਨੂੰ ਜ਼ਮਾਨਤ ਤੇ ਰਿਹਾ ਕੀਤਾ ਗਿਆ ਸੀ; 2,788 ਵਿਅਕਤੀਆਂ ਨੂੰ ਛੱਡ ਦਿੱਤਾ ਗਿਆ ਸੀ; 7,408 ਨੂੰ ਬਰੀ ਕਰ ਦਿੱਤਾ ਗਿਆ ਸੀ। ਇਸ ਸਮੇਂ 399 ਵਿਅਕਤੀ ਜੇਲ੍ਹਾਂ ਵਿਚ ਹਨ। ਪਿੱਛੇ ਜਿਹੇ ਹੀ ਪੰਜਾਬ ਵਿਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਦੀ ਅਗਵਾਈ ਹੇਠ, ਜਿਸ ਵਿਚ ਪ੍ਰਮੁੱਖ ਸਕੱਤਰ, ਗ੍ਰਿਹ ਵਿਭਾਗ, ਡਾਇਰੈਕਟਰ ਜਨਰਲ ਆਫ ਪੁਲਿਸ ਅਤੇ ਕਾਨੂੰਨੀ ਮਸ਼ੀਰ, ਪੰਜਾਬ ਵੀ ਸਨ, ਪੰਜਾਬ ਟਾਡਾ ਦੇ ਸਾਰੇ ਪੈਂਡਿੰਗ ਕੇਸਾਂ ਦੀ ਸਮੀਖਿਆ ਕਰਨ ਲਈ ਇਕ ਕਮੇਟੀ ਗਠਿਤ ਕੀਤੀ ਗਈ ਸੀ। ਰਸਮੀ ਸਮੀਖਿਆ ਕਰਨ ਤੋਂ ਬਾਅਦ ਇਸ ਕਮੇਟੀ ਨੇ 107 ਕੇਸਾਂ ਵਿਚ ਵੱਖ-ਵੱਖ ਟਾਡਾ ਉਪਬੰਧਾਂ ਨੂੰ ਵਾਪਸ ਲੈਣ ਦੀ ਸਿਫਾਰਸ਼ ਕੀਤੀ ਸੀ। ਫਿਰ ਵੀ, ਸਬੰਧਤ ਦੋਸ਼ੀ ਵਿਅਕਤੀਆਂ ਤੇ ਇਸ ਕਾਨੂੰਨ ਦੀਆਂ ਦੂਜੀਆਂ ਧਾਰਾਵਾਂ ਅਧੀਨ ਮੁਕੱਦਮਾ ਚਲਾਇਆ ਜਾਵੇਗਾ।"

ਜਦੋਂ ਨੈਤਿਕ ਵਿਗਿਆਨ (ਮੌਰਲ ਸਾਇੰਸ) ਵਿਚ ਕਮਿਸ਼ਨ ਨੂੰ ਕੋਈ ਰਿਕਾਰਡ ਨਾ ਸੌਂਪੇ ਜਾ ਸਕੇ, ਤਾਂ ਇਹ ਹਿਸਾਬ ਵਿਚ ਜ਼ਾਹਿਰਾ ਤੌਰ ਤੇ ਫੇਲ੍ਹ ਹੋ ਗਏ। ਕਿਰਪਾ ਕਰਕੇ ਇਸ ਸਵਾਲ ਨੂੰ ਨੋਟ ਕੀਤਾ ਜਾਵੇ :

| | | |
|---|---|---|
| ਜ਼ਮਾਨਤ ਤੇ ਰਿਹਾ ਕੀਤੇ | : | 4,402 |
| ਛੱਡੇ ਗਏ (ਡਿਸਚਾਰਜਡ) | : | 2,788 |
| ਬਰੀ ਕੀਤੇ ਗਏ | : | 7,408 |
| ਜੇਲ੍ਹ ਵਿਚ | : | 399 |
| ਕੁੱਲ | : | 14,997 |

ਪੰਜਾਬ ਸਰਕਾਰ ਦੇ ਕਮਿਸ਼ਨ ਨੇ ਦਾਅਵਾ ਕੀਤਾ ਕਿ 15,289 ਵਿਅਕਤੀ ਗਿਰਫਤਾਰ ਕੀਤੇ ਗਏ ਸਨ। 15,289 ਵਿਚੋਂ 14,997 ਘਟਾਇਆ ਜਾਵੇ ਤਾਂ ਬਾਕੀ 292 ਆਉਣਾ ਚਾਹੀਦਾ ਹੈ। ਇਨ੍ਹਾਂ 292 ਦਾ ਕੀ ਬਣਿਆ? ਇਸੇ ਤਰ੍ਹਾਂ, ਡਿਸਚਾਰਜ ਕੀਤੇ ਗਏ 2,788 ਵਿਅੱਕਤੀਆਂ ਦੀ ਸਰੀਰਿਕ ਹਾਲਤ ਕਿਹੋ ਜਿਹੀ ਸੀ ? ਕੀ ਉਸ ਸਮੇਂ ਜਿਉਂਦੇ ਸਨ ?

{ਨੋਟ : ਸਭ ਤੋਂ ਸਪੱਸ਼ਟ ਗੱਲ ਇਹ ਹੈ ਕਿ ਟਾਡਾ ਕੈਦੀਆਂ ਵਿਚ ਫਿਲਮੀ ਸਤਾਰਾ ਸੰਜੇ ਦੱਤ ਵੀ ਰਿਹਾ ਹੈ। ਏ ਕੇ-56 ਕਬਜ਼ੇ ਵਿਚ ਰੱਖਣ ਦੇ ਦੋਸ਼ ਤੇ ਉਸ ਦੀ ਟਾਡਾ ਅਧੀਨ ਨਜ਼ਰਬੰਦੀ ਨੇ ਲੋਕਾਂ ਦਾ ਜਿੰਨਾ ਧਿਆਨ ਖਿੱਚਿਆ ਉਨਾਂ ਕਿਸੇ ਹੋਰ ਕੇਸ ਨੇ ਨਹੀਂ। ਲੇਕਿਨ ਜਦੋਂ ਫਿਲਮ ਅਭਿਨੇਤਰੀ ਸ੍ਰੀ ਦੇਵੀ ਪੰਜਾਬ ਡੀ ਜੀ ਪੀ, ਕੇ.ਪੀ.ਐਸ. ਗਿੱਲ (ਉਸ ਦੇ ਵਿਆਕੁਲ ਪ੍ਰੇਮੀ) ਦੀ ਮਹਿਮਾਨ ਸੀ, ਤਾਂ ਉਸ ਨੇ ਉਸ ਨੂੰ ਇਕ ਯਾਦਗਾਰੀ 'ਮੇਮੈਂਟੋ' ਦੇ ਰੂਪ ਵਿਚ ਏ ਕੇ-47 ਪ੍ਰਦਾਨ ਕੀਤੀ। ਉਸ ਨੇ ਹੱਸ ਕੇ (ਸਿਆਣਪ ਨਾਲ) ਟਾਲ ਦਿੱਤਾ।}

1993 ਵਿਚ, ਟਾਡਾ ਨਜ਼ਰਬੰਦਾਂ ਦੇ ਰਿਸ਼ਤੇਦਾਰਾਂ ਅਤੇ "ਸੁਭਾਵਕ ਤੌਰ ਤੇ" ਮਿਲੀਆਂ ਵੱਖ-ਵੱਖ ਰਿਪੋਰਟਾਂ ਤੋਂ ਇਕੱਠੀ ਕੀਤੀ ਗਈ ਸੂਚਨਾ ਦੇ ਆਧਾਰ ਤੇ ਪਤਾ ਲੱਗਾ ਕਿ ਪੰਜਾਬ ਤੋਂ ਬਾਹਰ ਟਾਡਾ ਅਧੀਨ ਨਜ਼ਰਬੰਦ ਕੀਤੇ ਗਏ ਸਿੱਖਾਂ ਦੀ ਗਿਣਤੀ ਲਗਭਗ 15,000 ਦੇ ਕਰੀਬ ਸੀ। {ਨੋਟ : "ਇਤਫਾਕੀਆ ਤੌਰ ਤੇ ਅਖਬਾਰਾਂ ਵਿਚੋਂ ਮਿਲੀ ਇਕ ਖਬਰ ਅਨੁਸਾਰ ਭਰਤਪੁਰ, ਰਾਜਸਥਾਨ ਜੇਲ੍ਹ ਵਿਚ ਡੱਕੇ ਹੜਤਾਲੀ ਕਰਮਚਾਰੀਆਂ ਨੂੰ ਕੁੱਟਿਆ ਗਿਆ। ਇਨ੍ਹਾਂ ਕੈਦੀਆਂ ਵਿਚੋਂ ਲਗਭਗ 500 ਪੰਜਾਬ ਦੇ ਸਨ ਅਤੇ ਟਾਡਾ ਅਧੀਨ ਭਰਤਪੁਰ ਜੇਲ੍ਹ ਵਿਚ ਰੱਖੇ ਗਏ ਸਨ।}

ਸਰਕਾਰ ਦੁਆਰਾ ਸਵੀਕਾਰ ਕੀਤੇ ਗਏ 15,000 ਵਿਚ ਪੰਜਾਬ ਤੋਂ ਬਾਹਰ ਰੱਖੇ ਗਏ 15,000 ਕੈਦੀਆਂ ਨੂੰ ਸ਼ਾਮਲ ਕਰਨ ਨਾਲ ਟਾਡਾ ਅਧੀਨ ਗਿਰਫਤਾਰ ਕੀਤੇ ਗਏ ਸਿੱਖਾਂ ਦਾ ਅੰਕੜਾ ਲਗਭਗ 30,000 ਤੇ ਪਹੁੰਚ ਜਾਂਦਾ ਹੈ।

ਟਾਡਾ ਤੋਂ ਇਲਾਵਾ, ਸਿੱਖ, ਪੰਜਾਬ ਅਤੇ ਦੂਜੇ ਰਾਜਾਂ ਅੰਦਰ ਕਈ ਹੋਰ ਕਾਨੂੰਨਾਂ ਜਿਵੇਂ ਕੌਮੀ ਸੁਰੱਖਿਆ ਐਕਟ, ਹਥਿਆਰਬੰਦ ਬਲਾਂ (ਪੰਜਾਬ ਅਤੇ ਚੰਡੀਗੜ੍ਹ) ਐਕਟ ਆਦਿ ਅਧੀਨ ਗਿਰਫਤਾਰ ਕੀਤੇ ਗਏ ਸਨ। ਉਹ ਇਨ੍ਹਾਂ ਦੇ

ਮੁਕਾਬਲੇ ਬਹੁਤ ਘੱਟ ਸਨ : ਲਗਭਗ ਕੁਲ ਮਿਲਾ ਕੇ 5,000 ਸਨ।

ਮਨੁੱਖੀ ਅਧਿਕਾਰਾਂ ਦੀ ਟੀਮ ਨੇ ਸਾਰੇ ਭਾਰਤ ਅੰਦਰ 70,000 ਦਾ ਅੰਦਾਜ਼ਾ ਲਗਾਇਆ। ਲਗਭਗ 35,000 ਟਾਡਾ ਅਤੇ ਹੋਰ ਕਾਨੂੰਨਾਂ ਅਧੀਨ ਗਿਣੇ ਜਾ ਸਕਦੇ ਹਨ। ਬਾਕੀ ਦੇ ਲੋਕ ਬਿਨਾਂ ਕਿਸੇ ਦੋਸ਼ ਦੇ ਚੁੱਕੇ ਗਏ ਅਤੇ ਨਜ਼ਰਬੰਦ ਕੀਤੇ ਗਏ ਸਨ। ਨੱਬਿਆਂ ਦੇ ਸ਼ੁਰੂ ਵਿਚ, ਪੰਜਾਬ ਦੀਆਂ ਜੇਲ੍ਹਾਂ ਅਤੇ ਹਵਾਲਾਤਾਂ ਦਾ ਦੌਰਾ ਕਰਨ ਵਾਲਿਆਂ ਨੇ ਦੇਖਿਆ ਕਿ ਜੇਲ੍ਹਾਂ ਬੁਰੀ ਤਰ੍ਹਾਂ ਭਰੀਆਂ ਪਈਆਂ ਸਨ।

***ਜੇਲ੍ਹ ਸਮਰੱਥਾ:***

1993 ਵਿਚ, ਪੰਜਾਬ ਦੀ ਜੇਲ੍ਹ ਸਮਰੱਥਾ 9,000 ਸੀ। ਟੀਮ ਨੇ ਦੇਖਿਆ ਕਿ ਜੇਲ੍ਹ ਰਿਕਾਰਡਾਂ ਮੁਤਾਬਕ ਚੋਰੀ ਜਾਂ ਕਤਲ ਦੇ ਕੇਸਾਂ ਵਿਚ ਦੋਸ਼ੀ ਪਾਏ ਗਏ ਕੇਵਲ 2,000 ਕੈਦੀ ਸਨ। ਲੇਕਿਨ ਜੇਲ੍ਹਾਂ ਭਰੀਆਂ ਪਈਆਂ ਸਨ। ਉਨ੍ਹਾਂ ਨੇ ਹਜ਼ਾਰਾਂ ਹੋਰ ਬੰਦੇ, ਔਰਤਾਂ ਅਤੇ ਬੱਚੇ ਜੇਲ੍ਹਾਂ ਵਿਚ ਦੇਖੇ ਕਿਉਂਕਿ ਉਹ "ਰਾਜ ਦੇ ਦੁਸ਼ਮਣ" ਸਨ। ਉਨ੍ਹਾਂ ਵਿਚ ਬਹੁਤੇ ਪੇਂਡੂ, ਅਨਪੜ੍ਹ ਅਤੇ ਨਿਤਾਣੇ ਲੋਕ ਸਨ ਪਰੰਤੂ ਉਸ ਸਮੇਂ ਉਨ੍ਹਾਂ ਨੂੰ ਬਾਗੀ ਜਲਾਵਤਨੀਆਂ ਦੇ ਤੌਰ ਤੇ ਅੰਦਰ ਨਹੀਂ ਸੀ ਡਕਿਆ ਗਿਆ। ਖ਼ੈਰ, ਮੋਟੇ ਅਨੁਮਾਨ ਤੇ ਵੀ, ਇਹ ਸਿਆਸੀ ਕੈਦੀ ਪੰਜਾਬ ਦੀਆਂ ਜੇਲ੍ਹਾਂ ਵਿਚ ਕੋਈ 7,000 ਸਨ।

ਪੁਲਿਸ ਹਿਰਾਸਤਾਂ "ਕੇਵਲ ਸਟੈਂਡਿੰਗ ਰੂਮ" ਸਨ। ਪੰਜਾਬ ਵਿਚ, ਇਕ ਪੁਲਿਸ ਜ਼ਿਲ੍ਹੇ ਵਿਚ 20 ਥਾਣੇ ਹੁੰਦੇ ਹਨ; ਪੰਜਾਬ ਵਿਚ 20 ਪੁਲਿਸ ਜ਼ਿਲ੍ਹੇ ਹਨ : ਇਸ ਤਰ੍ਹਾਂ ਕੁੱਲ ਥਾਣੇ 400 ਹੋਏ। ਜੇਕਰ ਹਰੇਕ ਪੁਲਿਸ ਲਾਕ-ਅਪ ਵਿਚ ਕੇਵਲ 20 ਕੈਦੀ ਆਉਂਦੇ ਹਨ (ਫਿਰ ਇਕ ਸਾਦੇ ਅਨੁਮਾਨ ਅਨੁਸਾਰ) ਤਾਂ ਕੁਲ ਗਿਣਤੀ 8,000 ਹੋਈ।

ਬਹੁਤ ਸਾਰੇ ਨੀਮ-ਫੌਜੀ ਬਲਾਂ, ਸੀ ਆਰ ਪੀ ਐਫ ਅਤੇ ਬੀ ਐਸ ਐਫ ਦੇ ਕੈਂਪਸ ਵਿਚ ਰੱਖੇ ਹੋਏ ਸਨ ਜਿਵੇਂ ਬਟਾਲਾ ਨੇੜੇ ਪਿੰਡਾਂ ਦੇ ਨੌਜਵਾਨਾਂ ਅਤੇ ਪੰਚਾਇਤ ਮੈਂਬਰਾਂ ਦੀ ਵੱਡੇ ਪੱਧਰ ਤੇ ਮਾਰ-ਕੁਟਾਈ ਦੀ ਇਕ ਰਿਪੋਰਟ ਵਿਚ ਦੱਸਿਆ ਗਿਆ।

ਇਕੱਲੇ ਪੰਜਾਬ ਦੀਆਂ ਜੇਲ੍ਹਾਂ, ਹਵਾਲਾਤਾਂ ਅਤੇ ਨੀਮ ਫੌਜੀ ਬਲਾਂ ਦੇ ਕੈਂਪਾਂ ਵਿਚ ਲਗਭਗ 17,000 ਕੈਦੀ ਸਨ। ਕਈ ਹਜ਼ਾਰਾਂ ਕੈਦੀ ਲਾਗਲੇ ਰਾਜਾਂ ਦੀਆਂ ਜੇਲ੍ਹਾਂ ਅਤੇ ਪੁਲਿਸ ਹਿਰਾਸਤਾਂ ਵਿਚ ਬਿਨਾਂ ਰਿਕਾਰਡ ਰੱਖਿਆਂ, ਬੰਦ ਕੀਤੇ ਹੋਏ ਸਨ।

ਮਨੁੱਖੀ ਅਧਿਕਾਰਾਂ ਦੀ ਟੀਮ ਦੁਆਰਾ ਇਕੱਠੀ ਕੀਤੀ ਗਈ ਸੂਚਨਾ ਮੁਤਾਬਕ ਨਜ਼ਰਬੰਦੀ ਅਤੇ ਪੁੱਛ-ਗਿੱਛ ਕੇਂਦਰਾਂ ਵਿਚ ਬਹੁਤ ਭਾਰੀ ਗਿਣਤੀ ਵਿਚ ਕੈਦੀ ਰੱਖੇ ਹੋਏ ਹਨ। ਆਓ ਫਿਰ ਅਸੀਂ ਪਹਿਲੇ ਅੰਕੜਿਆਂ ਤੇ ਝਾਤ ਮਾਰੀਏ : ਟਾਡਾ ਅਧੀਨ 30,000 ਦੋਹਾਂ ਪੰਜਾਬ ਅਤੇ ਪੰਜਾਬ ਤੋਂ ਬਾਹਰ;

5,000 ਹੋਰ ਕਾਲੇ ਕਾਨੂੰਨ ਅਧੀਨ; 10,000 ਪੰਜਾਬ ਪੁਲਿਸ ਦੀਆਂ ਹਿਰਾਸਤਾਂ ਵਿਚ ਅਤੇ 7,000 ਪੰਜਾਬ ਦੀਆਂ ਜੇਲ੍ਹਾਂ ਵਿਚ, ਸ਼ਾਇਦ 10,000 ਹੋਰ ਰਾਜਾਂ ਦੀਆਂ ਹਵਾਲਾਤਾਂ ਅਤੇ ਜੇਲ੍ਹਾਂ ਵਿਚ ਹਨ। ਇਹ ਕੁੱਲ 62,000 ਬਣਦੇ ਹਨ। ਬਾਕੀ ਦੇ ਅਸੀਂ ਸਮਝਦੇ ਹਾਂ ਕਿ ਨਜ਼ਰਬੰਦੀ ਅਤੇ ਪੁੱਛ-ਗਿੱਛ ਕੇਂਦਰਾਂ ਵਿਚ ਬੰਦ ਸਨ।

ਸਰਕਾਰ ਪੰਜਾਬ ਪੁਲਿਸ ਦੁਆਰਾ ਰਾਜ ਅੰਦਰ ਅਤੇ ਬਾਹਰ ਸਥਾਪਤ ਕੀਤੇ ਗਏ ਕੈਂਪਾਂ ਵਿਚ ਰੱਖੇ ਸਿੱਖ ਅੱਤਵਾਦੀਆਂ ਦੀ ਨਜ਼ਰਬੰਦੀ ਤੋਂ ਮੁਕਰੀ ਨਹੀਂ। ਪੰਜਾਬ ਦੇ ਡੀ ਜੀ ਪੀ, ਕੇ ਪੀ ਐਸ ਗਿੱਲ ਮੁਤਾਬਕ (28 ਜੂਨ, 1994 ਦੀ **ਦਿ ਟ੍ਰਿਬਿਊਨ** ਅਖਬਾਰ ਦੇ ਹਵਾਲੇ ਨਾਲ) ਪੰਜਾਬ ਪੁਲਿਸ ਨੇ ਯੂ.ਪੀ. ਦੇ ਤਰਾਈ ਦੇ ਇਲਾਕੇ ਬਾਜ਼ਪੁਰ, ਲਖੀਮਪੁਰ ਅਤੇ ਪੂਰਨਾਪੁਰ ਵਿਖੇ ਅੱਤਵਾਦ ਨੂੰ ਖ਼ਤਮ ਕਰਨ ਲਈ ਯੂ.ਪੀ. ਪੁਲਿਸ ਦੀ ਮਦਦ ਵਾਸਤੇ ਤਿੰਨ ਕੇਂਦਰ ਵੀ ਕਾਇਮ ਕੀਤੇ ਹਨ ਅਤੇ ਇਨ੍ਹਾਂ ਤੋਂ ਇਲਾਵਾ, ਪੰਜਾਬ ਪੁਲਿਸ ਦੇ ਡਰੋਂ ਪੰਜਾਬ ਤੋਂ ਭੱਜੇ ਅੱਤਵਾਦੀਆਂ ਨੂੰ ਪਕੜਨ ਲਈ ਆਸਾਮ, ਪੱਛਮੀ ਬੰਗਾਲ, ਬੰਬਈ, ਹੈਦਰਾਬਾਦ, ਇੰਦੌਰ, ਅਹਿਮਦਾਬਾਦ ਅਤੇ ਬੜੌਦਾ ਵਿਚ ਪੁੱਛ-ਗਿੱਛ ਕੇਂਦਰ ਕਾਇਮ ਕੀਤੇ ਹਨ। (ਇਨ੍ਹਾਂ ਨਜ਼ਰਬੰਦੀ ਕੇਂਦਰਾਂ ਬਾਰੇ ਮਸ਼ਹੂਰ ਇਹੀ ਸੀ ਕਿ ਇਹ ਕੇਂਦਰ ਸਿਰਫ ਗੁਆਂਢੀ ਰਾਜਾਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਯੂ.ਪੀ, ਜੰਮੂ ਕਸ਼ਮੀਰ ਅਤੇ ਦਿੱਲੀ ਵਿਚ ਹਨ)। ਲੇਕਿਨ ਇਨ੍ਹਾਂ ਤੋਂ ਇਲਾਵਾ ਦੂਜੇ ਕੇਂਦਰਾਂ ਨੂੰ ਬਿਲਕੁਲ ਗੁਪਤ ਰੱਖਿਆ ਗਿਆ ਹੈ।

1992 ਵਿਚ ਕੈਦੀ ਨੂੰ ਅਦਾਲਤ ਵਿਚ ਪੇਸ਼ ਕਰਨ (ਹੈਬੀਅਸ ਕਾਰਪਸ) ਦੀ ਪੈਟੀਸ਼ਨ ਦੇ ਸਿਲਸਿਲੇ ਵਿਚ ਐਮ ਏ ਐਸ ਆਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਸਾਰੇ ਨਜ਼ਰਬੰਦੀ ਅਤੇ ਪੁੱਛ-ਗਿੱਛ ਕੇਂਦਰਾਂ ਦੀ ਸੂਚੀ ਪੇਸ਼ ਕਰਨ ਦੇ ਹੁਕਮ ਦੇਣ ਲਈ ਕਿਹਾ ਪਰੰਤੂ ਇਸ ਮੰਗ ਨੂੰ ਪੂਰਾ ਕਰਨ ਦੀ ਬਜਾਏ ਸਰਕਾਰ ਨੇ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਅਤੇ ਅਦਾਲਤ ਵਿਚ ਪੇਸ਼ ਕਰਨ ਤੋਂ ਪਰਹੇਜ਼ ਕੀਤਾ।

1991 ਵਿਚ ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ, ਪੀਪਲਜ਼ ਆਫ਼ ਸਿਵਲ ਲਿਬਰਟੀਜ਼ - ਪੰਜਾਬ ਅਤੇ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਨਜ਼ਰਬੰਦੀ ਕੈਂਪਾਂ ਅਤੇ ਪੁੱਛ-ਗਿੱਛ ਕੇਂਦਰਾਂ ਦੀ ਉਤਪਤੀ ਵਲ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦਾ ਧਿਆਨ ਦਿਵਾਉਣ ਲਈ ਉਨ੍ਹਾਂ ਨੂੰ ਲਿਖਿਆ। ਇਨ੍ਹਾਂ ਕੈਂਪਾਂ ਅਤੇ ਕੇਂਦਰਾਂ ਵਿਚ ਕੈਦੀਆਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਗਿਆ ਸੀ। ਉਨ੍ਹਾਂ ਨੂੰ ਸਾਲਾਂ-ਬੱਧੀ ਇਸ ਤਰ੍ਹਾਂ ਕੈਦੀ ਬਣਾਈ ਰੱਖਿਆ ਜਾ ਸਕਦਾ ਹੈ - ਜਾਂ ਇਕ ਦਿਨ ਉਹ "ਖ਼ਤਮ" ਕਰ ਦਿੱਤੇ ਜਾਣਗੇ - ਬਿਨਾਂ ਕਿਸੇ ਦੇ ਕੋਈ ਸਵਾਲ ਪੁੱਛੇ।

{ਨੋਟ : 1992 ਵਿਚ ਇਕ ਸੀਨੀਅਰ ਸੁਪਰਡੰਟ ਆਫ਼ ਪੁਲਿਸ ਨੂੰ ਜਦੋਂ ਉਸ ਨੂੰ ਕਿਸੇ ਹੋਰ ਜ਼ਿਲ੍ਹੇ ਵਿਚ ਬਦਲਿਆ ਗਿਆ ਸੀ, ਨਿਰਵਿਘਨ ਪੁੱਛ-ਗਿੱਛ ਕਰਨ ਦੇ ਯੋਗ ਬਣਾਉਣ ਲਈ "ਉਸ" ਨੂੰ ਇਕ ਵਿਸ਼ੇਸ਼ ਗਿਣਤੀ ਵਿਚ ਆਪਣੇ ਕੈਦੀਆਂ ਨੂੰ ਲੈ ਜਾਣ ਲਈ ਇਕ ਗੈਰ-ਸਰਕਾਰੀ ਅਧਿਕਾਰ ਦਿੱਤਾ ਗਿਆ ਸੀ। ਇਥੇ ਇਹ ਵੀ ਯਾਦ ਕਰਵਾਇਆ ਜਾਂਦਾ ਹੈ ਕਿ ਕੰਵਰ ਸਿੰਘ ਧਾਮੀ ਨੂੰ ਐਸ ਐਸ ਪੀ ਅਜੀਤ ਸਿੰਘ ਸੰਧੂ ਦੁਆਰਾ, ਉਸ ਦੀ ਬਦਲੀ ਹੋਣ ਤੇ, ਰੋਪੜ ਲਿਜਾਇਆ ਗਿਆ ਸੀ।

ਕੁਝ ਕੇਸਾਂ ਵਿਚ, ਜੁਰਮ ਬਾਅਦ ਜੁਰਮ ਇਨ੍ਹਾਂ ਕੈਦੀਆਂ ਸਿਰ ਮੜ੍ਹਿਆ ਗਿਆ ਸੀ ਜਿਸ ਨਾਲ ਅਨੁਪਾਤਕ ਹੱਤਿਆਵਾਂ ("ਗੋਲੀ ਬਦਲੇ ਗੋਲੀ ਨੀਤੀ") "ਪੁਲਿਸ - ਅੱਤਵਾਦੀ ਮੌਤ ਦਰ ਨੂੰ ਸੰਤੁਲਨ ਵਿਚ ਰੱਖਿਆ ਗਿਆ"। ਜੇਕਰ ਸੋਮਵਾਰ ਨੂੰ ਕਿਸੇ ਮੁਕਾਬਲੇ ਵਿਚ ਤਿੰਨ ਪੁਲਿਸ ਵਾਲੇ ਮਰਦੇ ਸਨ ਤਾਂ ਮੰਗਲਵਾਰ ਨੂੰ ਇਕ ਹੋਰ ਮੁਕਾਬਲੇ ਦੀ ਖ਼ਬਰ ਆ ਜਾਂਦੀ ਸੀ ਜਿਸ ਵਿਚ ਪੰਜ ਅੱਤਵਾਦੀ ਮਾਰੇ ਗਏ ਹੁੰਦੇ ਸਨ।

ਪੰਜਾਬ ਦੇ ਮੁੱਖ ਮੰਤਰੀ ਦੀ ਜਾਣ ਲੈਣ ਦੀ ਕੋਸ਼ਿਸ਼ ਇਕ ਅਦਲੇ-ਦਾ-ਬਦਲਾ ਲੈਣ ਦੀ ਕੋਸ਼ਿਸ਼ ਸੀ। ਮੁੱਖ ਮੰਤਰੀ ਨੇ ਆਪਣੇ ਜਵਾਈ ਲੈਫ਼ਟੀਨੈਂਟ ਕਰਨਲ ਰਮਿੰਦਰ ਸਿੰਘ ਨੂੰ ਫ਼ੌਜ ਵਿਚੋਂ ਰਿਹਾਅ ਕਰਵਾ ਕੇ ਉਸ ਨੂੰ ਡਾਇਰੈਕਟਰ, ਸਪੋਰਟਸ ਵਜੋਂ ਆਪਣੀ ਸਰਕਾਰ ਵਿਚ ਲੈ ਆਂਦਾ। ਰਮਿੰਦਰ ਸਿੰਘ, ਜਿਸ ਦੇ ਨਾਲ ਪੁਲਿਸ ਦੀਆਂ ਭਰੀਆਂ ਕਈ ਜੀਪਾਂ ਦਾ ਪਹਿਰਾ ਸੀ, ਰੋਪੜ ਜ਼ਿਲ੍ਹੇ ਦੇ ਵਿਚੋਂ ਦੀ ਜਾ ਰਿਹਾ ਸੀ ਜਦੋਂ ਅੱਤਵਾਦੀਆਂ ਨੇ ਉਸਦੇ ਕਾਫਲੇ ਤੇ ਗੋਲੀ ਚਲਾ ਦਿੱਤੀ। ਕੁਝ ਘੰਟਿਆਂ ਵਿਚ ਹੀ ਇਹ ਐਲਾਨ ਕੀਤਾ ਗਿਆ ਕਿ ਉਸ ਹਮਲੇ ਲਈ ਜ਼ਿੰਮੇਵਾਰ ਪੰਜ "ਖ਼ਤਰਨਾਕ ਅੱਤਵਾਦੀ" ਮਾਰ ਦਿੱਤੇ ਗਏ ਹਨ।

ਇਸ ਨਾਲ ਪੁਲਿਸ ਦੇ ਹੌਸਲੇ ਬੁਲੰਦ ਰਹੇ ਅਤੇ ਲੋਕਾਂ ਨੂੰ ਇਹ ਕਿਹਾ ਗਿਆ ਕਿ ਰਾਜ ਕੰਟ੍ਰੋਲ ਵਿਚ ਹੈ। ਮਨੁੱਖੀ ਅਧਿਕਾਰ ਗਰੁੱਪਾਂ ਨੇ ਇਨ੍ਹਾਂ ਘਟਨਾਵਾਂ ਦੀ ਜਾਂਚ ਕੀਤੀ ਅਤੇ ਸਿੱਟਾ ਕੱਢਿਆ ਕਿ ਉਹ ਵਿਅਕਤੀ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਹਨ ਅਤੇ ਇਨ੍ਹਾਂ ਘਟਨਾਵਾਂ ਦੀ ਨਿਆਂਇਕ ਜਾਂਚ ਕਰਵਾਉਣ ਲਈ ਕਿਹਾ ਪਰੰਤੂ ਸਰਕਾਰ ਨੇ ਨਾਂਹ ਕਰ ਦਿੱਤੀ।}

ਕਿਸੇ ਦੇ "ਨਿੱਜੀ ਕੈਦੀ" ਨੂੰ ਫਾਂਸੀ ਦੇਣੀ ਵੀ ਲਾਭਦਾਇਕ ਸੀ ਕਿਸੇ ਨੂੰ ਗੁਪਤ ਰੂਪ ਵਿਚ ਪਕੜ ਕੇ ਉਸ ਤੇ ਕਈ ਜੁਰਮ ਮੜ੍ਹ ਦਿੱਤੇ ਜਾਂਦੇ ਸਨ ਅਤੇ ਇਸ ਤਰ੍ਹਾਂ ਉਸ ਨੂੰ ਅੰਤਮ ਤੌਰ ਤੇ "ਸਰਕਾਰੀ ਤੌਰ ਤੇ" ਖ਼ਤਮ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਇਨਾਮ ਲੈਣ ਦਾ ਦਾਅਵਾ ਕੀਤਾ ਜਾਂਦਾ ਸੀ। ਮਨੁੱਖੀ ਅਧਿਕਾਰ ਕਾਰਜਕਰਤਾ ਸਾਲਾਂ-ਬੱਧੀ ਪੁਲਿਸ ਨੂੰ ਲੋੜੀਂਦੇ ਅਤੇ ਜਿਨ੍ਹਾਂ ਦੇ ਸਿਰਾਂ ਤੇ ਇਨਾਮ ਰੱਖੇ ਗਏ ਹਨ, ਅਪਰਾਧੀਆਂ ਦੀ ਸੂਚੀ ਲਈ ਵਿਅਰਥ ਦੁਹਾਈ ਪਾਉਂਦੇ ਰਹੇ। ਪੁਲਿਸ ਗੁਪਤ ਨਜ਼ਰਬੰਦੀ ਅਤੇ ਉਸ ਤੋਂ ਬਾਅਦ ਨਜ਼ਰਬੰਦੀ ਨੂੰ ਖ਼ਤਮ ਕਰਕੇ ਇਨਾਮ ਲੈਣ ਦਾ ਦਾਅਵਾ ਕਰਨ ਦੀ ਆਪਣੀ

ਪ੍ਰਥਾ ਤੋਂ ਕਦੀ ਨਹੀਂ ਟਲੀ।

***ਕਾਲੇ ਕਾਨੂੰਨ***

ਇਨ੍ਹਾਂ ਕੈਦੀਆਂ ਨੂੰ ਬਿਨਾਂ ਮੁਕੱਦਮਾ ਚਲਾਇਆਂ ਲੰਬਾ ਚਿਰ ਬੰਦੀ ਬਣਾਈ ਰੱਖਣ ਲਈ ਕਈ ਕਾਲੇ ਕਾਨੂੰਨ ਬਣਾਏ ਗਏ। ਇਨ੍ਹਾਂ ਵਿਚ ਅਹਿਮ ਕਾਲੇ ਕਾਨੂੰਨ ਸਨ ਅੱਤਵਾਦੀ ਅਤੇ ਭੰਨ-ਤੋੜ ਦੀਆਂ ਕਾਰਵਾਈਆਂ ਐਕਟ (ਟਾਡਾ), ਕੌਮੀ ਸੁਰੱਖਿਆ ਐਕਟ, ਜੇ ਐਂਡ ਕੇ ਪਬਲਿਕ ਸੇਫ਼ਟੀ ਐਕਟ, ਹਥਿਆਰਬੰਦ ਬਲ (ਪੰਜਾਬ ਅਤੇ ਚੰਡੀਗੜ੍ਹ) ਵਿਸ਼ੇਸ਼ ਸ਼ਕਤੀਆਂ ਐਕਟ, ਗੜਬੜੀ ਵਾਲੇ ਖੇਤਰ ਐਕਟ। ਇਨ੍ਹਾਂ ਵਿਚੋਂ ਪੰਜਾਬ ਵਿਚ ਲਾਗੂ ਜ਼ਿਆਦਾ ਮਹੱਤਵਪੂਰਨ ਟਾਡਾ ਸੀ ਅਤੇ ਉਸ ਤੋਂ ਬਾਅਦ ਕੌਮੀ ਸੁਰੱਖਿਆ ਐਕਟ ਸੀ।

ਟਾਡਾ, ਜੋ ਕਿ ਇਕ ਬਹੁਤ ਖ਼ਤਰਨਾਕ ਕਾਨੂੰਨ ਸੀ, ਵਿਸ਼ੇਸ਼ ਤੌਰ ਤੇ ਪੰਜਾਬ ਲਈ ਬਣਾਇਆ ਗਿਆ ਸੀ ਅਤੇ ਇਸ ਨੂੰ ਸੰਸਦ 'ਚੋਂ ਪਾਸ ਕਰਵਾਇਆ ਗਿਆ ਸੀ, ਕੇਂਦਰ ਸਰਕਾਰ ਨੇ ਭਰੋਸਾ ਦਿਵਾਇਆ ਕਿ ਇਹ ਰਾਜਸੀ ਕੈਦੀਆਂ ਨੂੰ ਦੂਜੇ ਰਾਜਾਂ ਵਿਚ ਰੱਖਣ ਲਈ ਨਹੀਂ ਵਰਤਿਆ ਜਾਵੇਗਾ। ਦੂਜੇ ਰਾਜਾਂ ਨੇ ਜਲਦੀ ਮਹਿਸੂਸ ਕੀਤਾ ਕਿ ਅਜਿਹਾ ਨਹੀਂ ਕੀਤਾ ਜਾਵੇਗਾ। ਇਹ ਕਾਨੂੰਨ ਜ਼ਿਆਦਾਤਰ ਘੱਟ-ਗਿਣਤੀਆਂ ਵਿਰੁੱਧ ਵਰਤਿਆ ਗਿਆ ਸੀ, ਸ਼ੁਰੂ-ਸ਼ੁਰੂ ਵਿਚ ਸਿੱਖਾਂ ਤੇ ਅਤੇ ਫਿਰ ਮੁਸਲਮਾਨਾਂ ਵਿਰੁੱਧ। ਬਾਅਦ ਵਿਚ ਇਹ ਕਸ਼ਮੀਰ ਦੇ ਲੋਕਾਂ ਵਿਰੁੱਧ ਵਰਤਿਆ ਗਿਆ ਜਿਨ੍ਹਾਂ ਤੇ ਜ਼ਿਆਦਾਤਰ ਜੇ ਐਂਡ ਕੇ ਪਬਲਿਕ ਸੇਫ਼ਟੀ ਐਕਟ ਹੀ ਲਾਗੂ ਕੀਤਾ ਗਿਆ ਸੀ। ਜਦੋਂ ਹੋਰਨਾਂ ਰਾਜਾਂ ਦੇ ਲੋਕੀ ਵੀ ਭਾਰੀ ਗਿਣਤੀ ਵਿਚ ਗਿਰਫਤਾਰ ਕੀਤੇ ਜਾਣੇ ਸ਼ੁਰੂ ਹੋ ਗਏ, ਤਾਂ ਸੰਸਦ ਨੇ ਇਸ ਨੂੰ ਗੰਭੀਰਤਾ ਨਾਲ ਲਿਆ।

ਟਾਡਾ ਦਾ ਮੁੱਖ ਮੰਤਵ ਨਾਗਰਿਕ ਨੂੰ ਆਪਣੀ ਨਿਆਂਇਕ ਨਜ਼ਰਬੰਦੀ ਦੇ ਹੱਕ ਤੋਂ ਵਾਂਝਿਆਂ ਰੱਖਣਾ, ਉਸ ਨੂੰ ਜ਼ਮਾਨਤ ਤੋਂ ਨਾਂਹ ਕਰਨਾ ਅਤੇ ਪੁਲਿਸ ਨੂੰ ਲੰਬੇ ਸਮੇਂ ਲਈ ਘਟੀਆ ਢੰਗਾਂ ਰਾਹੀਂ ਕੈਦੀ ਤੇ ਤਸ਼ੱਦਦ ਕਰਨ ਦਾ ਮੌਕਾ ਦੇਣਾ ਹੈ। ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਜ਼ਿੰਮੇਵਾਰੀ ਕੈਦੀ ਤੇ ਸੁੱਟੀ ਜਾਂਦੀ ਹੈ ਅਤੇ ਕਿਸੇ ਪੁਲਿਸ ਅਫ਼ਸਰ ਦੇ ਸਾਹਮਣੇ ਇਕਬਾਲ ਕੀਤੇ ਨੂੰ ਗਵਾਹੀ ਵਜੋਂ ਮੰਨਿਆ ਜਾਂਦਾ ਹੈ। ਗਵਾਹ ਦੀ ਪਛਾਣ ਰੋਕੀ ਜਾ ਸਕਦੀ ਹੈ। ਦੂਜੇ ਰਾਜਾਂ ਦੀ ਜੇਲ੍ਹ ਵਿਚ ਟਾਡਾ ਕੈਦੀਆਂ ਨੂੰ ਰੱਖਣ ਦਾ ਫਾਇਦਾ ਇਹ ਸੀ ਕਿ ਕੈਦੀਆਂ ਨੂੰ ਆਪਣੇ ਹੱਕ ਵਿਚ ਗਵਾਹੀ ਪੇਸ਼ ਕਰਨਾ ਸੁਭਾਵਕ ਹੀ ਅਸੰਭਵ ਹੋ ਜਾਂਦਾ ਸੀ। ਇਸ ਸਭ ਕੁਝ ਦੇ ਬਾਵਜੂਦ ਦੋਸ਼ੀ ਠਹਿਰਾਉਣ ਦੀ ਦਰ ਇਕ ਪ੍ਰਤਿਸ਼ਤ ਨਾਲੋਂ ਵੀ ਘੱਟ ਸੀ। ਜੇਕਰ ਉਨ੍ਹਾਂ ਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਂਦੀ ਤਾਂ ਉਹ ਟਾਡਾ ਅਧੀਨ ਦੋਸ਼ੀ ਸਨ ਅਤੇ ਜੇਕਰ ਆਮ ਕਾਨੂੰਨਾਂ ਅਧੀਨ ਮੁਕੱਦਮਾ ਚਲਾਇਆ ਜਾਂਦਾ ਤਾਂ ਇਨ੍ਹਾਂ ਕੈਦੀਆਂ ਵਿਚੋਂ ਬਹੁਤ ਸਾਰੇ ਜਲਦੀ ਜੇਲ੍ਹਾਂ ਵਿਚੋਂ ਬਾਹਰ ਆ ਜਾਂਦੇ।

ਜੂਨ 12, 1995 ਨੂੰ **ਹਿੰਦੋਸਤਾਨ ਟਾਈਮਜ਼** ਨੇ ਕੇ ਪੀ ਐਸ ਗਿੱਲ ਦਾ ਹਵਾਲਾ ਦਿੱਤਾ : "ਇਹ ਇਕ ਪ੍ਰਤਿਸ਼ਤ ਤੋਂ ਵੀ ਘੱਟ ਸੀ। ਪੰਜਾਬ ਵਿਚ 223 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਉਨ੍ਹਾਂ ਵਿਚੋਂ ਬਹੁਤੇ ਅਸਲਾ ਐਕਟ ਅਧੀਨ ਹਨ; ਇਹ ਦੂਜੇ ਰਾਜਾਂ ਨਾਲੋਂ ਵੀ ਘੱਟ ਹਨ।"

ਕਈ ਸਾਲਾਂ ਤੋਂ ਨਜ਼ਰਬੰਦ ਕੀਤੇ ਗਏ ਕੈਦੀਆਂ ਦੀ ਕਿਸਮ ਦੀਆਂ ਮਿਸਾਲਾਂ ਸਾਹਮਣੇ ਆਈਆਂ। ਅਪ੍ਰੈਲ, 1995 ਵਿਚ, **ਇੰਡੀਅਨ ਐਕਸਪ੍ਰੈਸ** ਨੇ ਖ਼ਬਰ ਦਿੱਤੀ ਕਿ ਤਿੰਨ 69 ਤੋਂ 79 ਵਰ੍ਹਿਆਂ ਦੀ ਉਮਰ ਦੇ ਕੈਦੀਆਂ, 2 ਆਦਮੀ ਅਤੇ ਇਕ ਔਰਤ, ਨੂੰ ਆਖਰਕਾਰ ਤਿੰਨ ਸਾਲਾਂ ਬਾਅਦ ਇਕ ਰਿੱਟ ਪੈਟੀਸ਼ਨ ਰਾਹੀਂ ਰਿਕਾਰਡ ਕੀਤੀ ਗਈ ਨਜ਼ਰਬੰਦੀ ਤੋਂ ਰਿਹਾਅ ਕੀਤਾ ਗਿਆ। ਉਨ੍ਹਾਂ ਨੂੰ ਆਪਣੇ ਪੁੱਤਰ ਨੂੰ ਆਤਮ-ਸਮਰਪਣ ਲਈ ਮਜਬੂਰ ਕਰਨ ਲਈ ਪਕੜਿਆ ਗਿਆ ਸੀ ਪਰੰਤੂ ਔਰਤ ਨੇ ਦੱਸਿਆ ਕਿ ਉਸ ਨੇ ਬਹੁਤ ਚਿਰ ਪਹਿਲਾਂ ਜੇਲ੍ਹ ਵਿਚ ਉਸ ਦੀ ਲਾਸ਼ ਦੀ ਪਹਿਚਾਣ ਕੀਤੀ ਸੀ। ਇਸ ਦੇ ਬਾਵਜੂਦ ਵੀ ਉਨ੍ਹਾਂ ਨੂੰ ਤਿੰਨ ਸਾਲ ਗਿਰਫਤਾਰ ਕਰੀ ਰਖਿਆ - ਜ਼ਾਹਰਾ ਤੌਰ ਤੇ, ਕਿਉਂਕਿ ਪੁਲਿਸ ਅਫਸਰਾਂ ਨੂੰ ਰਸੋਈਏ ਅਤੇ ਸਫਾਈ ਸੇਵਕਾਂ ਦੀ ਲੋੜ ਸੀ ਅਤੇ ਇਹ ਬਿਨਾਂ ਮਜ਼ਦੂਰੀ ਤੋਂ ਕੰਮ ਕਰਦੇ ਸਨ।

ਅਤੇ ਫਿਰ ਬੇਅੰਤ ਸਿੰਘ ਸਰਕਾਰ ਸਮੇਂ ਜਨਤਾ ਦਾ ਦੁਸ਼ਮਣ ਨੰਬਰ ਇਕ, ਸਿਮਰਨਜੀਤ ਸਿੰਘ ਮਾਨ ਸੀ। ਬੀਤੇ 11 ਸਾਲਾਂ ਤੋਂ ਇਹ ਇਕੱਲਾ ਸਾਬਕਾ ਕਰਮਚਾਰੀ ਕੇਂਦਰ ਸਰਕਾਰ ਲਈ ਵੀ ਹਊਆ ਬਣਿਆ ਹੋਇਆ ਸੀ। ਅਤੇ ਜਿੰਨਾਂ ਚਿਰ ਪੰਜਾਬ ਅਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਰਹੀ, ਉਹ ਪਟਿਆਲਾ ਜੇਲ੍ਹ ਵਿਚ ਹੀ ਬੰਦ ਰੱਖੇ ਗਏ।

ਮਈ 13, 1995 ਦੀ **ਸੰਡੇ** ਅਖਬਾਰ ਵਿਚ ਲਿਖਦਿਆਂ ਪਤਵੰਤ ਸਿੰਘ ਨੇ ਸਿਮਰਨਜੀਤ ਸਿੰਘ ਮਾਨ ਦੇ ਕੇਸ ਦੀ ਤੁਲਨਾ ਡ੍ਰੇਫਸ ਅਫੇਅਰ ਨਾਲ ਕੁੱਝ ਅੰਤਰ ਨਾਲ ਕੀਤੀ ਹੈ ਕਿ ਅਕਾਲੀ ਨੇਤਾ ਨਾਲ ਕੀਤੇ ਗਏ ਸਖ਼ਤ ਅਤੇ ਪੱਖਪਾਤੀ ਵਿਵਹਾਰ ਤੋਂ ਸੰਭਵ ਤੌਰ ਤੇ ਕੋਈ ਰੋਸ ਪੈਦਾ ਨਹੀਂ ਹੋਇਆ :

"ਪਿਛਲੇ 11 ਸਾਲਾਂ ਦੌਰਾਨ ਮਾਨ ਨੂੰ 30 ਵਾਰ ਗਿਰਫਤਾਰ ਅਤੇ ਨਜ਼ਰਬੰਦ ਕੀਤਾ ਗਿਆ ਹੈ। ਇਸ ਸਾਬਕਾ ਆਈ ਪੀ ਐਸ ਅਫਸਰ ਦੀ ਮੁਸੀਬਤ ਨਵੰਬਰ 29, 1984 ਨੂੰ ਸ਼ੁਰੂ ਹੋਈ ਜਦੋਂ ਇਹ ਦੋਸ਼ ਲਗਾਇਆ ਗਿਆ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੀ ਸਾਜਿਸ਼ ਘੜੀ ਹੈ। ਪੰਜ ਸਾਲਾਂ ਲਈ ਉਸ ਨੂੰ ਇਕਾਂਤਵਾਸ ਰੱਖਿਆ ਗਿਆ ਸੀ ਜਦੋਂ ਉਸ ਨੂੰ ਜੀਵਨ ਦੀਆਂ ਅਤਿ ਅਵੱਸ਼ਕ ਲੋੜਾਂ ਤੋਂ ਵੀ ਵਾਂਝਿਆਂ ਰੱਖਿਆ ਗਿਆ ਅਤੇ ਉਸ ਤੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਜਦੋਂ ਉਸ ਨੂੰ 1989 ਵਿਚ ਅਚਾਨਕ ਰਿਹਾਅ ਕੀਤਾ ਗਿਆ ਤਾਂ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ ਕਿ ਉਸ ਨੂੰ ਸਰਕਾਰ ਨੇ ਪੰਜ ਸਾਲ ਕਿਉਂ ਅੰਦਰ ਡੱਕੀ ਰੱਖਿਆ ਅਤੇ ਉਸ ਤੇ ਤਸ਼ੱਦਦ ਕੀਤਾ ਗਿਆ।

"5 ਜਨਵਰੀ, 1995 ਤੋਂ, ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ 11 ਥਾਣਿਆਂ ਵਿਚ ਉਸ ਵਿਰੁੱਧ ਕੇਸ ਦਰਜ ਕੀਤੇ ਗਏ ਸਨ। ਸਿਰਫ ਇਕ ਕੇਸ ਵਿਚ ਹੀ ਉਸ ਤੇ ਮੁਕੱਦਮਾ ਚਲਾਇਆ ਗਿਆ; ਬਾਕੀ ਕੇਸ "ਜਾਂਚ ਅਧੀਨ" ਹਨ ਜਦ ਕਿ ਉਹ ਅਜੇ ਵੀ ਹਿਰਾਸਤ ਵਿਚ ਹੈ। ਮਾਨ ਨੂੰ ਉਸ ਵਿਰੁੱਧ ਦਾਇਰ ਕੀਤੇ ਗਏ ਕਿਸੇ ਵੀ ਕੇਸ ਵਿਚ ਕਦੀ ਦੋਸ਼ੀ ਨਹੀਂ ਠਹਿਰਾਇਆ ਗਿਆ। ਕਾਨੂੰਨੀ ਕਤਲੇਆਮ ਦਾ ਕਾਰਣ ਇਹ ਹੈ ਕਿ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਹਮੇਸ਼ਾਂ ਕੋਈ ਨਾ ਕੋਈ ਇਹੋ ਜਿਹੀ ਵਜ੍ਹਾ ਬਣ ਜਾਂਦੀ ਹੈ ਜਿਸ ਲਈ ਉਸ ਨੂੰ ਅੰਦਰ ਕਰਨਾ ਪੈ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਕੇਸ ਟਾਡਾ ਅਧੀਨ ਦਾਇਰ ਕੀਤੇ ਗਏ ਹਨ ਜਿਹੜੇ ਅਧਿਕਾਰੀਆਂ ਨੂੰ ਉਸ ਨੂੰ ਅਣ-ਮਿੱਥੇ ਸਮੇਂ ਲਈ ਅੰਦਰ ਰੱਖਣ ਦੇ ਯੋਗ ਬਣਾਉਂਦੇ ਹਨ। ਹਰੇਕ ਕੋਝੀ ਚਾਲ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਵਾਸਤਵ ਵਿਚ 'ਲੋਕਤਾਂਤ੍ਰਿਕ' ਭਾਰਤ ਕਿਵੇਂ ਕੰਮ ਕਰਦਾ ਹੈ।"

ਹੁਣ ਤਕ ਮਾਨ ਖ਼ੁਦ ਭਾਰਤੀ ਸੰਵਿਧਾਨ ਨਾਲ ਖੇਡਾਂ ਖੇਡਦਾ ਰਿਹਾ ਹੈ। 1989 ਵਿਚ ਅਜੇ ਜੇਲ੍ਹ ਵਿਚ ਹੁੰਦਿਆਂ ਉਸ ਨੇ ਅਤੇ ਉਸ ਦੇ ਨਾਂ ਤੇ ਬਣੀ ਨਵੀਂ ਪਾਰਟੀ ਨੇ ਸੰਸਦ ਦੀ ਚੋਣ ਲੜੀ ਅਤੇ ਪੰਜਾਬ ਦੀਆਂ 13 ਵਿਚੋਂ 10 ਸੀਟਾਂ ਜਿੱਤੀਆਂ - ਪੰਜਾਬ ਵਿਚ ਕਿਸੇ ਪਾਰਟੀ ਦੁਆਰਾ ਕਦੀ ਜਿੱਤੀਆਂ ਗਈਆਂ ਸਭ ਤੋਂ ਵੱਧ ਸੰਸਦੀ ਸੀਟਾਂ ਸਨ। ਕੇਂਦਰ ਸਰਕਾਰ ਦਾ ਵਿਸ਼ਵਾਸ ਜਿੱਤਣ ਦੀ ਬਜਾਏ ਜਿੱਤ ਨੇ ਤਾਕਤ ਵਜੋਂ ਮਾਨ ਅਤੇ ਉਸ ਦੀ ਪਾਰਟੀ ਤੇ ਮੋਹਰ ਲਗਾਈ ਜਿਸ ਨੂੰ ਕਿਸੇ ਤਰ੍ਹਾਂ ਪ੍ਰਭਾਵਹੀਣ ਕਰਨਾ ਪਿਆ। ਮਾਨ ਜਾਤੀ ਤੌਰ ਤੇ ਖ਼ਤਰਨਾਕ ਸੀ ਕਿਉਂਕਿ ਉਹ ਆਪਣੀ ਰਾਜਸੀ ਮੰਗ ਨਾਲ ਆਸਾਨੀ ਨਾਲ ਸਮਝੌਤਾ ਨਹੀਂ ਸੀ ਕਰਦਾ ਅਤੇ ਉਸਦੇ ਅਨੁਕੂਲ ਨਹੀਂ ਰਿਹਾ। ਮਾਨ ਇਕੱਲੇ ਨਿੱਜੀ ਵਫਾਦਾਰੀ ਤੇ ਆਧਾਰਿਤ ਰਾਜਨੀਤਕ ਕੰਮ-ਕਾਰ ਦੇ ਰਾਜਵਾੜਾਸ਼ਾਹੀ ਢੰਗ ਤੋਂ ਕੂਚ ਕਰ ਗਿਆ। ਜਦ ਕਿ ਮਾਨ ਨਿੱਜੀ ਬਰਾਬਰੀਆਂ ਤੇ ਪੁਰਾਣੇ ਵਿਸ਼ਵਾਸ ਨੂੰ ਬਿਲਕੁਲ ਧੱਕਾ ਨਹੀਂ ਦੇ ਸਕਦਾ, ਇਹ ਵੀ ਸੱਚ ਹੈ ਕਿ ਦੂਸਰਿਆਂ ਦੇ ਉਲਟ ਉਹ ਆਪਣੇ ਨਿੱਜੀ ਮੁਫਾਦ ਤੋਂ ਇਲਾਵਾ ਕਿਸੇ ਹੋਰ ਲਈ ਖੜ੍ਹਿਆ।

ਮਈ 23, 1995 ਨੂੰ ਕੇਂਦਰ ਸਰਕਾਰ ਨੇ ਟਾਡਾ ਨੂੰ ਪਾਰਲੀਮੈਂਟ ਵਿਚ ਇਸ ਨੂੰ ਨਵਿਆਉਣ ਲਈ ਨਾ ਲਿਆ ਕੇ ਖ਼ਤਮ ਕਰ ਦਿੱਤਾ। ਅਜਿਹਾ ਸਰਕਾਰ ਵਲੋਂ ਆਪਣਾ "ਮਨ ਬਦਲਣ" ਕਰਕੇ ਨਹੀਂ ਸਗੋਂ ਚੋਣ ਮਜਬੂਰੀਆਂ ਕਰਕੇ ਕੀਤਾ ਗਿਆ।

{ਨੋਟ : 15 ਅਗਸਤ, 1989 ਨੂੰ ਹੋਇਆ ਇਕ ਵਾਕਿਆ, ਜੇਲ੍ਹਾਂ ਅੰਦਰਲੀ ਸਥਿਤੀ ਅਤੇ ਪੁਲਿਸ ਦੇ ਵਤੀਰੇ ਦੋਹਾਂ ਨੂੰ ਬਿਆਨ ਕਰਦਾ ਹੈ। ਮਨੁੱਖੀ ਅਧਿਕਾਰਾਂ ਦੇ ਕਾਰਜਕਰਤਾ ਬਲਜੀਤ ਕੌਰ ਅਤੇ ਜਸਟਿਸ ਅਜੀਤ ਸਿੰਘ ਬੈਂਸ ਨੂੰ ਲੁਧਿਆਣੇ ਜਾਂਦਿਆਂ ਪਕੜ ਲਿਆ ਗਿਆ ਜਿਥੇ ਉਹ ਕਿਸੇ

ਮਨੁੱਖੀ ਅਧਿਕਾਰ ਦੀ ਉਲੰਘਣਾ ਦੀ ਪੜਤਾਲ ਕਰਨ ਲਈ ਜਾ ਰਹੇ ਸਨ। ਉਨ੍ਹਾਂ ਨੂੰ ਡੇਹਲੋਂ ਥਾਣੇ ਲਿਜਾਇਆ ਗਿਆ ਅਤੇ ਉਥੇ ਉਨ੍ਹਾਂ ਨੇ ਥਾਣੇ ਦੇ ਵਿਹੜੇ ਵਿਚੋਂ ਆਦਮੀਆਂ ਦੀਆਂ ਚੀਕਾਂ ਸੁਣੀਆਂ।}

ਉਹ ਬਾਹਰ ਆਏ ਅਤੇ ਦੇਖਿਆ ਕਿ ਇਕ ਏ ਐਸ ਆਈ ਕਈ ਕੈਦੀਆਂ ਨੂੰ ਕੋੜੇ ਮਾਰਨ ਦੀ ਨਿਗਰਾਨੀ ਕਰ ਰਿਹਾ ਸੀ। ਉਨ੍ਹਾਂ ਬਾਰੇ ਪਤਾ ਲੱਗਣ ਤੇ ਏ ਐਸ ਆਈ ਘਬਰਾ ਗਿਆ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ "ਇਹ ਵਿਅਕਤੀ ਉਹ ਨਹੀਂ ਹਨ ਜਿਨ੍ਹਾਂ ਨੂੰ ਉਹ ਲੱਭਦੇ ਹਨ, ਇਹ ਸਾਧਾਰਨ ਕੈਦੀ ਹਨ। ਤੁਹਾਡੇ ਛੋਕਰੇ ਉਸ ਕਮਰੇ ਵਿਚ ਹਨ।" ਇਸ ਤੋਂ ਪਹਿਲਾਂ ਕਿ ਉਹ ਉਨ੍ਹਾਂ ਨੂੰ ਰੋਕਦਾ ਬਲਜੀਤ ਕੌਰ ਅਤੇ ਜਸਟਿਸ ਅਜੀਤ ਸਿੰਘ ਬੈਂਸ ਉਸ ਕਮਰੇ ਵਿਚ ਜਾ ਵੜੇ ਅਤੇ ਦੇਖਿਆ ਕਿ 25 ਵਿਅਕਤੀ ਫਰਸ਼ ਤੇ ਲਿਟਾਏ ਹੋਏ ਸਨ ਜਿਨ੍ਹਾਂ ਦੇ ਹੱਥ ਅਤੇ ਪੈਰ ਬੰਨੇ ਹੋਏ ਸਨ।

{ਸਬਕ : ਪੁਲਿਸ ਇਕ "ਸਾਧਾਰਨ" ਕੈਦੀ ਨੂੰ ਕੁੱਟਣਾ ਆਪਣਾ ਹੱਕ ਸਮਝਦੀ ਹੈ ਅਤੇ ਦੂਜੇ ਰਾਜਨੀਤਕ ਕੈਦੀਆਂ ਨੂੰ ਲੁਕਾ ਕੇ ਰੱਖਿਆ ਜਾਂਦਾ ਹੈ।}

ਪਰੰਤੂ ਟਾਡਾ ਹੀ ਇਕ ਕਾਲਾ ਕਾਨੂੰਨ ਨਹੀਂ ਸੀ। ਕਿਸੇ ਵਿਅਕਤੀ ਨੂੰ ਕੌਮੀ ਸੁਰੱਖਿਆ ਐਕਟ ਅਧੀਨ ਵੀ ਗਿਰਫਤਾਰ ਕੀਤਾ ਜਾ ਸਕਦਾ ਸੀ। ਇਸ ਐਕਟ ਦੀ ਵੱਡੇ ਪੱਧਰ ਤੇ ਵਰਤੋਂ ਕੀਤੀ ਗਈ ਅਤੇ ਇਸ ਵਿਚ ਕਿਸੇ ਕੈਦੀ ਨੂੰ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮਾ ਚਲਾਏ ਇਕ ਸਾਲ (ਪੰਜਾਬ ਵਿਚ ਦੋ ਸਾਲ) ਲਈ ਨਜ਼ਰਬੰਦ ਕਰਨ ਦਾ ਉਪਬੰਧ ਸੀ।

ਜੰਮੂ ਅਤੇ ਕਸ਼ਮੀਰ ਪਬਲਿਕ ਸੇਫ਼ਟੀ ਐਕਟ "ਧਰਮ, ਨਸਲ, ਫਿਰਕੇ ਜਾਂ ਖੇਤਰ ਦੇ ਆਧਾਰ ਤੇ ਦੁਸ਼ਮਣੀ, ਨਫ਼ਰਤ ਜਾਂ ਗੈਰ-ਇਕਸੁਰਤਾ ਦੀ ਭਾਵਨਾ ਨੂੰ ਉਤਸਾਹਤ ਕਰਨ, ਪ੍ਰਾਪੇਗੰਡਾ ਕਰਨ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰਨ ਲਈ " ਕੀਤੀਆਂ ਗਈਆਂ ਕਿਸੇ ਅੱਤਵਾਦੀ ਕਾਰਵਾਈਆਂ ਦੇ ਕਿਸੇ ਸ਼ੱਕ ਵਿਚ ਕਿਸੇ ਵਿਅਕਤੀ ਨੂੰ ਇਕ ਸਾਲ ਤਕ ਬਿਨਾਂ ਮੁਕੱਦਮਾ ਚਲਾਇਆਂ ਨਜ਼ਰਬੰਦ ਕਰਨ ਲਈ ਪੁਲਿਸ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ।

ਹਥਿਆਰਬੰਦ ਬਲ (ਪੰਜਾਬ ਅਤੇ ਚੰਡੀਗੜ੍ਹ) ਵਿਸ਼ੇਸ਼ ਸ਼ਕਤੀਆਂ ਐਕਟ ਅਤੇ ਹਥਿਆਰਬੰਦ ਬਲ (ਜੰਮੂ ਅਤੇ ਕਸ਼ਮੀਰ) ਵਿਸ਼ੇਸ਼ ਸ਼ਕਤੀਆਂ ਐਕਟ ਸੁਰੱਖਿਆ ਬਲਾਂ ਨੂੰ ਬਿਨਾਂ ਵਰੰਟ ਕਿਸੇ ਦੇ ਘਰ ਦੀ ਤਲਾਸ਼ੀ ਲੈਣ, ਬਿਨਾਂ ਵਰੰਟ ਗਿਰਫਤਾਰੀਆਂ ਕਰਨ, "ਅੱਤਵਾਦੀ ਲੁਕਣਗਾਹ" ਸਮਝੀ ਜਾਣ ਵਾਲੀ ਕਿਸੇ ਜਗ੍ਹਾ ਨੂੰ ਨਸ਼ਟ ਕਰਨ ਅਤੇ ਬਿਨਾਂ ਮੁਕੱਦਮਾ ਚਲਾਇਆਂ ਕਿਸੇ ਨੂੰ ਗੋਲੀ ਮਾਰ ਕੇ ਮਾਰਨ ਦੀ ਸ਼ਕਤੀ ਦਿੰਦੇ ਹਨ।

ਜੁਲਾਈ 4, 1995 ਦੀ **ਸਟੇਟਸਮੈਨ** ਅਖਬਾਰ ਨੇ ਖਬਰ ਦਿੱਤੀ ਕਿ ਮਨੁੱਖੀ ਅਧਿਕਾਰ ਗਰੁੱਪਾਂ ਵਲੋਂ ਬਹੁਤ ਦਬਾਓ ਪੈਣ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਹਥਿਆਰਬੰਦ ਬਲ (ਵਿਸ਼ੇਸ਼ ਸ਼ਕਤੀਆਂ) ਕਾਨੂੰਨਾਂ ਨੂੰ ਰੱਦ ਕਰਨ

ਜਾਂ ਉਨ੍ਹਾਂ ਵਿਚ ਸੋਧਾਂ ਕਰਨ ਦੇ ਨਜ਼ਰੀਏ ਨਾਲ ਇਨ੍ਹਾਂ ਦਾ ਵਿਸਤ੍ਰਿਤ ਅਧਿਐਨ ਕੀਤਾ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੇਖਿਆ ਕਿ ਇਨ੍ਹਾਂ ਵਿਚ ਕਲਾਜ਼ਾਂ 4ੳ, 4ੲ ਅਤੇ 4ਸ ਵਿਸ਼ੇਸ਼ ਤੌਰ ਤੇ ਇਤਰਾਜ਼ਯੋਗ ਹਨ। ਇਨ੍ਹਾਂ ਵਿਚੋਂ ਪਹਿਲੀ ਕਲਾਜ਼ ਹਥਿਆਰਬੰਦ ਬਲਾਂ ਦੇ ਕਿਸੇ ਕਮਿਸ਼ਨਡ ਅਫਸਰ, ਵਾਰੰਟ ਅਫਸਰ, ਨਾਨ-ਕਮਿਸ਼ਨਡ ਅਫਸਰ ਜਾਂ ਇਨ੍ਹਾਂ ਦੇ ਬਰਾਬਰ ਦੇ ਅਹੁਦੇ ਦੇ ਕਿਸੇ ਅਫਸਰ ਨੂੰ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ "ਕਿਸੇ ਤੇ ਗੋਲੀ ਚਲਾਉਣ ਜਾਂ ਹੋਰ ਤਾਕਤ ਦੀ ਵਰਤੋਂ ਕਰਨ, ਜਿਸ ਵਿਚ ਮੌਤ ਵੀ ਹੋ ਸਕਦੀ ਹੈ", ਦਾ ਅਧਿਕਾਰ ਦਿੰਦੀ ਹੈ। ਧਾਰਾ 4ੲ ਇਨ੍ਹਾਂ ਅਫਸਰਾਂ ਨੂੰ ਕਿਸੇ ਉਸ ਵਿਅਕਤੀ, ਜਿਸ ਨੇ ਹੱਥ-ਪਾਉਣਯੋਗ (ਕਾਗਨੀਜ਼ੇਬਲ) ਅਪਰਾਧ ਕੀਤਾ ਹੋਵੇ ਜਾਂ ਉਸ ਤੇ ਅਜਿਹਾ ਅਪਰਾਧ ਦੇ ਕਰਨ ਦੀ ਸ਼ੰਕਾ ਹੋਵੇ ਜਾਂ ਉਹ ਅਜਿਹਾ ਕਰਨ ਵਾਲਾ ਹੀ ਹੋਵੇ, ਨੂੰ ਬਿਨਾਂ ਵਰੰਟ ਗਿਰਫਤਾਰ ਕਰਨ ਅਤੇ ਗਿਰਫਤਾਰ ਕਰਨ ਲਈ ਹੋਰ ਤਾਕਤ ਜੁਟਾਉਣ ਦਾ ਅਧਿਕਾਰ ਦਿੰਦੀ ਹੈ। ਧਾਰਾ 4ਸ ਇਨ੍ਹਾਂ ਬਲਾਂ ਨੂੰ ਹਥਿਆਰ, ਚੁਰਾਈ ਗਈ ਸੰਪਤੀ ਜਾਂ ਪਕੜੇ ਗਏ ਵਿਅਕਤੀਆਂ ਨੂੰ ਬਰਾਮਦ ਕਰਨ ਲਈ ਕਿਸੇ ਜਗ੍ਹਾ ਦੀ ਬਿਨਾਂ ਵਰੰਟ ਤਲਾਸ਼ੀ ਲੈਣ ਦੀ ਆਗਿਆ ਦਿੰਦੀ ਹੈ।

ਰਿਪੋਰਟ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਇਕ ਸੀਨੀਅਰ ਕਰਮਚਾਰੀ, ਜਿਸ ਨੇ ਕਸ਼ਮੀਰ ਵਿਚ ਅਸੈਂਬਲੀ ਚੋਣਾਂ ਕਰਵਾਉਣ ਦੀ ਚਾਲ ਨੂੰ ਕੇਂਦਰ ਦੀ ਯੋਜਨਾ ਨਾਲ ਜੋੜਿਆ, ਦਾ ਹਵਾਲਾ ਦਿੱਤਾ ਗਿਆ : "ਜਦੋਂ ਸਰਕਾਰ ਰਾਜਨੀਤਕ ਪੈਕੇਜ ਬਾਰੇ ਗੱਲ ਕਰੇ ਤਾਂ ਆਰਮਡ ਫੋਰਸਿਜ਼ ਐਕਟ ਨੂੰ ਸੋਧਣ ਦੀਆਂ ਗਤੀਵਿਧੀਆਂ ਬਿਲਕੁਲ ਉਸੇ ਤਰ੍ਹਾਂ ਸੰਕੇਤ ਦੇਣਗੀਆਂ, ਜਿਵੇਂ ਉਨ੍ਹਾਂ ਨੇ ਟਾਡਾ ਨੂੰ ਬਦਲਣ ਲਈ ਨਵਾਂ ਵਿਧਾਨ ਬਣਾਉਣ ਦੀ ਘੋਸ਼ਣਾ ਸਮੇਂ ਦਿੱਤਾ।"

ਮੌਰਲ : ਕਦੀ ਨਾ ਮੰਨੋ ਕਿ ਸਹੀ ਚੀਜ਼ ਕੀਤੀ ਜਾਂਦੀ ਕਿਉਂਕਿ ਇਹ ਸਹੀ ਹੈ। ਲੋਕਾਂ ਦੇ ਹੱਕ ਅਤੇ ਆਜ਼ਾਦੀ ਹਮੇਸ਼ਾਂ "ਪੈਕੇਜ ਡੀਲਜ਼" ਅਧੀਨ ਆਉਂਦੀ ਹੈ।